# India-Georgia Foreign Office Consultations

December 09, 2020

---

## ਭਾਰਤ-ਜਾਰਜੀਆ ਦੇ ਵਿਦੇਸ਼ ਦਫਤਰਾਂ ਦਰਮਿਆਨ ਸਲਾਹ- ਮਸ਼ਵਰੇ

9 ਦਸੰਬਰ, 2020

ਭਾਰਤ ਅਤੇ ਜਾਰਜੀਆ ਦੇ  ਵਿਦੇਸ਼ ਦਫਤਰਾਂ  ਦਰਮਿਆਨ ਸਲਾਹ- ਮਸ਼ਵਰੇ (FOC) ਦਾ ਪੰਜਵਾਂ ਗੇੜ 8 ਦਸੰਬਰ, 2020 ਨੂੰ ਡਿਜੀਟਲ ਵੀਡੀਓ ਕਾਨਫਰੰਸ ਰਾਹੀਂ ਹੋਇਆ। ਭਾਰਤੀ ਪੱਖ ਦੀ ਅਗਵਾਈ ਵਧੀਕ ਸਕੱਤਰ (ਯੂਰਪ ਅਤੇ COVID -19) ਸ੍ਰੀ ਦਮਮੁ ਰਵੀ ਕਰ ਰਹੇ ਸਨ ਅਤੇ ਜਾਰਜੀਅਨ ਪੱਖ ਦੀ ਅਗਵਾਈ ਜਾਰਜੀਆ ਦੇ ਵਿਦੇਸ਼ ਉਪ ਮੰਤਰੀ ਮਹਾਮਹਿਮ ਸ੍ਰੀ ਅਲੈਗਜ਼ੈਂਡਰ ਖਵਟੀਸਿਆਸ਼ਵਿਲੀ ਨੇ ਕੀਤੀ।

ਇਸ ਵਿਚਾਰ ਵਟਾਂਦਰੇ ਦੌਰਾਨ ਦੋਨਾਂ ਪੱਖਾਂ ਨੇ ਦੁਵੱਲੇ ਸਹਿਯੋਗ ਦੇ ਵੱਖ ਵੱਖ ਪਹਿਲੂਆਂ ਦਾ ਜਾਇਜ਼ਾ ਲਿਆ। ਗੱਲਬਾਤ ਵਿੱਚ ਸਿਆਸੀ, ਵਪਾਰਕ ਅਤੇ ਆਰਥਿਕ, ਕੌਂਸਲਰ, ਸੈਰ-ਸਪਾਟਾ, ਸਿੱਖਿਆ ਅਤੇ ਸੱਭਿਆਚਾਰਕ ਮਾਮਲਿਆਂ ਨਾਲ ਜੁੜੇ ਵਿਚਾਰ ਵਟਾਂਦਰੇ ਹੋਏ। ਦੋਵਾਂ ਪੱਖਾਂ ਨੇ ਆਪਸੀ ਹਿਤ ਦੇ ਖੇਤਰੀ ਅਤੇ ਕੌਮਾਂਤਰੀ ਮਾਮਲਿਆਂ 'ਤੇ ਵੀ ਵਿਚਾਰ ਵਟਾਂਦਰੇ ਕੀਤੇ ਅਤੇ ਬਹੁਪੱਖੀ ਮੰਚਾਂ 'ਤੇ ਭਾਈਵਾਲੀ ਵਧਾਉਣ ਉੱਤੇ ਸਹਿਮਤੀ ਪ੍ਰਗਟਾਈ।

ਅਗਲੀ ਵਾਰ ਦੇ ਸਲਾਹ-ਮਸ਼ਵਰੇ ਆਪਸੀ ਸਹੂਲਤ ਦੇ ਸਮੇਂ 'ਤੇ ਭੌਤਿਕ ਫਾਰਮੈਟ ਵਿਚ ਕਰਾਉਣ ਉੱਤੇ ਸਹਿਮਤੀ ਦਿੱਤੀ ਗਈ।

ਨਵੀਂ ਦਿਲੀ

9 ਦਸੰਬਰ, 2020

DISCLAIMER: This is an approximate translation. The original is available in English on MEA’s website and may be referred to as the official press release.